ਇਜ. ਪਰਮਜੀਤ ਸਿੰਘ
ਡਿਪਟੀ ਕੰਟਰੋਲਰ (ਪ੍ਰੀਖਿਆਵਾਂ)

**ਪੰਜਾਬ ਟੈਕਨੀਕਲ ਯੂਨੀਵਰਸਿਟੀ**
ਜਲੰਧਰ-ਕਪੂਰਥਲਾ ਹਾਈਵੇ, ਕਪੂਰਥਲਾ
ਫੋਨ ਨੰ: 01822-662511
ਈਮੇਲ: coeptu@gmail.com

ਹਵਾਲਾ ਨੰ: ਪੀ.ਟੀ.ਯੂ./ ਨਵੰਬਰ -2013/01 *ਮਿਤੀ*: ***20/09/2013***

ਸਾਰੇ ਪ੍ਰਿੰਸੀਪਲ ਅਤੇ ਫਕੈਲਟੀ ਮੈਂਬਰ
ਪੀ.ਟੀ.ਯੂ. ਤੋਂ ਮਾਨਤਾ ਪ੍ਰਾਪਤ ਸੰਸਥਾਵਾਂ

ਵਿਸ਼ਾ: ਨਵੰਬਰ-2013 ਪ੍ਰੀਖਿਆਵਾਂ ਦੇ ਪ੍ਰੀਖਿਆ ਫਾਰਮ ਆਨਲਾਈਨ ਭਰਨ ਸਬੰਧੀ

ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਨਵੰਬਰ-2013 ਪ੍ਰੀਖਿਆਵਾਂ ਮਿਤੀ 21 ਨਵੰਬਰ-2013 ਤੋਂ ਸ਼ੁਰੂ ਹੋ ਰਹੀਆਂ ਹਨ।ਇਸ ਪ੍ਰੀਖਿਆ ਦੇ ਪ੍ਰੀਖਿਆ ਫਾਰਮ ਆਨਲਾਈਨ ਭਰਨ ਦਾ ਵੇਰਵਾ ਅਤੇ ਸਮਾਂ ਸਾਰਣੀ ਹੇਠ ਲਿਖੇ ਅਨੁਸਾਰ ਹੈ । ਯੂਨੀਵਰਸਿਟੀ ਵਲੋਂ ਇਹ ਫੈਂਸਲਾ ਲਿਆ ਗਿਆ ਹੈ ਕਿ ਨਵੰਬਰ-2013 ਪ੍ਰੀਖਿਆਵਾਂ ਨਾਲ ਹੀ ਸਪੈਸ਼ਲ ਇਮਤਿਹਾਨ ਕਰਵਾਇਆ ਜਾਵੇਗਾ ਜਿਸ ਵਿਚ ਉਹ ਵਿਦਿਆਰਥੀ ਅਪੀਅਰ ਹੋ ਸਕਦੇ ਹਨ, ਜਿਨ੍ਹਾਂ ਨੇ ਆਪਣੀ ਡਿਗਰੀ ਪੂਰੀ ਕਰਨ ਦੀ ਸਮਾਂ ਸੀਮਾ ਪੂਰੀ ਕਰ ਲਈ ਹੈ ਪਰ ਅਜੇ ਤੱਕ ਸਾਰੇ ਪੇਪਰ ਪਾਸ ਨਹੀ ਕਰ ਸਕੇ ।ਇਸ ਪ੍ਰੀਖਿਆ ਦੇ ਪ੍ਰੀਖਿਆ ਫਾਰਮ ਭਰਨ ਦਾ ਵੇਰਵਾ ਅਤੇ ਸਮਾਂ ਸਾਰਣੀ ਹੇਠ ਲਿਖੇ ਅਨੁਸਾਰ ਹੈ ।

| ਲੜੀ ਨੰ: | ਫੀਸ : 550/- ਰੁਪਏ ਪ੍ਰਤੀ ਸਮੈਸਟਰ ਅਤੇ 2010 , 2011, 2012, 2013 ਬੈਚ ਲਈ ਫੀਸ : 700 ਰੁਪਏ ਪ੍ਰਤੀ ਸਮੈਸਟਰ<br><br>ਨੋਟ: ਸਪੈਸ਼ਲ ਇਮਤਿਹਾਨ ਲਈ ਇਮਤਿਹਾਨ ਫੀਸ 5000 ਰੁਪਏ ਪ੍ਰਤੀ ਵਿਸ਼ਾ ਦੇ ਹਿਸਾਬ ਨਾਲ ਹੋਵੇਗੀ | ਫਹਿਲਾ,ਤੀਜਾ,ਪੰਜਵਾਂ,ਸੱਤਵਾਂ ਅਤੇ ਨੌਂਵਾਂ ਸਮੈਸਟਰ ਰੈਗੂਲਰ ਪ੍ਰੀਖਿਆ ਫਾਰਮ ਅਤੇ ਪਹਿਲਾ ਤੋਂ ਦਸਵਾਂ ਸਮੈਸਟਰ ਰੀਅਪੀਅਰ ਸੰਸਥਾਂ ਵਿਚ ਜਮਾਂ ਕਰਨ ਅਤੇ ਪ੍ਰੀਖਿਆ ਫਾਰਮਾਂ ਦੀ ਫੀਸ ਆਨਲਾਈਨ ਲੋਕ (LOCK) ਕਰਨ ਦੀ ਆਖਰੀ ਮਿਤੀ | ਪਾਸ-ਆਉਟ ਹੋ ਚੁੱਕੇ ਹਨ ਜਾਂ ਸਪੈਸ਼ਲ ਚਾਂਸ ਦੇ ਪਹਿਲਾ ਤੋਂ ਦਸਵਾਂ ਸਮੈਸਟਰ ਰੀਅਪੀਅਰ ਪ੍ਰੀਖਿਆ ਫਾਰਮ ਸੰਸਥਾਂ ਵਿਚ ਜਮਾਂ ਕਰਵਾਉਣ ਦੀ ਆਖਰੀ ਮਿਤੀ | ਪਾਸ-ਆਉਟ ਹੋ ਚੁੱਕੇ ਹਨ ਜਾਂ ਸਪੈਸ਼ਲ ਚਾਂਸ ਦੇ ਸੰਸਥਾਵਾਂ ਵਲੋਂ ਪਹਿਲਾ ਤੋਂ ਦਸਵਾਂ ਸਮੈਸਟਰ ਰੈਗੂਲਰ/ ਰੀਅਪੀਅਰ ਪ੍ਰੀਖਿਆ ਫਾਰਮਾਂ ਦੀ ਫੀਸ ਆਨਲਾਈਨ ਲੋਕ (LOCK) ਕਰਨ ਦੀ ਆਖਰੀ ਮਿਤੀ | ਸੰਸਥਾਵਾਂ ਵਲੋਂ ਪਹਿਲਾ ਤੋਂ ਦਸਵਾਂ ਸਮੈਸਟਰ ਰੈਗੂਲਰ / ਰੀਅਪੀਅਰ ਪ੍ਰੀਖਿਆ ਫਾਰਮਾਂ ਦੀ ਬੈਂਕ ਵਿਚ ਫੀਸ਼ ਜਮਾਂ ਕਰਵਾਉਣ ਦੀ ਆਖਰੀ ਮਿਤੀ |
|---|---|---|---|---|---|
| 1 | ਬਿਨਾ ਲੇਟ ਫੀਸ | 23 ਸਤੰਬਰ 13 ਤੋਂ 20 ਅਕਤੂਬਰ 13<br><br>2013 ਸੈਸਨ ਦੇ ਫਾਰਮ 28 ਸਤੰਬਰ 13 ਤੋਂ 20 ਅਕਤੂਬਰ 13 ਭਰੇ ਜਾਣਗੇ | 23 ਸਤੰਬਰ 13 ਤੋਂ 20 ਅਕਤੂਬਰ 13 | 24 ਅਕਤੂਬਰ 13 | 31ਅਕਤੂਬਰ 13 |
| 2 | 1000/- ਰੁਪਏ ਲੇਟ ਫੀਸ (ਪ੍ਰਤੀ ਸਮੈਸਟਰ) | 21ਅਕਤੂਬਰ 13 ਤੋਂ 28 ਅਕਤੂਬਰ 13 | 21ਅਕਤੂਬਰ 13 ਤੋਂ 28 ਅਕਤੂਬਰ 13 | 31 ਅਕਤੂਬਰ 13 | 06 ਨਵੰਬਰ 13 |
| 3 | 2000/- ਰੁਪਏ ਲੇਟ ਫੀਸ (ਪ੍ਰਤੀ ਸਮੈਸਟਰ) | 29 ਅਕਤੂਬਰ 13 ਤੋਂ 11 ਨਵੰਬਰ 13 | 29ਅਕਤੂਬਰ 13 ਤੋਂ 11 ਨਵੰਬਰ 13 | 14 ਨਵੰਬਰ 13 | 16 ਨਵੰਬਰ 13 |
| 4 | ਵਿਸ਼ੇਸ਼ ਹਾਲਾਤਾਂ ਵਿੱਚ ਮਾਨਯੋਗ ਉਪ-ਕੁਲਪਤੀ ਜੀ ਦੀ ਮੰਨਜੂਰੀ ਨਾਲ 5000/- ਰੁਪਏ ਲੇਟ ਫੀਸ (ਪ੍ਰਤੀ ਸਮੈਸਟਰ) | 12 ਨਵੰਬਰ 13 ਤੋਂ 20 ਨਵੰਬਰ 13 | 12 ਨਵੰਬਰ 13 ਤੋਂ 20 ਨਵੰਬਰ 13 | 20 ਨਵੰਬਰ 13 | 21 ਨਵੰਬਰ 13 |

1. ਮੌਜੂਦਾ ਸਿਸਟਿਮ ਮੁਤਾਬਕ ਵਿਦਿਆਰਥੀਆਂ ਨੂੰ ਅਗਲੇ ਸਮੈਸਟਰ ਪੜਨ ਲਈ ਕਾਲਜਾਂ ਵਲੋਂ ਰੂਲਜ ਮੁਤਾਬਕ ਆਨਲਾਈਨ ਰੀਅਡਮੀਸਨ (Readmission) ਕੀਤੀ ਜਾ ਰਹੀ ਹੈ ।ਰੂਲਜ ਮੁਤਾਬਕ ਆਨਲਾਈਨ ਕੀਤੀ ਗਈ ਰੀਅਡਮੀਸਨ (Readmission) ਦੀ ਪੂਰੀ ਜਿਮੇਂਵਾਰੀ ਸਬੰਧਤ ਸੰਸਥਾ ਦੀ ਹੈ ਕਿ ਵਿਦਿਆਰਥੀ ਨੇ ਮੌਜੂਦਾ ਸਮੈਸਟਰ ਵਿਚ ਰੈਗੂਲਰ ਦੇ ਤੋਰ ਤੇ ਪੜਾਈ ਕਰਨ ਦੇ ਯੋਗ ਹੈ ਜਾਂ ਨਹੀ ਅਤੇ ਵਿਦਿਆਰਥੀ ਨੇ ਲੋਅਰ ਸਮੈਸਟਰਾਂ ਦੇ ਸਾਰੇ ਰੈਗੂਲਰ ਇਮਤਿਹਾਨ ਫਾਰਮ ਭਰ ਕਿ ਪੇਪਰ ਦਿਤੇ ਹੋਏੇ ਹਨ ।
2. ਰੀਅਡਮੀਸਨ ਕਰਦੇ ਸਮੈਂ MBA ਦੀ ਸਪੈਸ਼ਲਾਇਜੇਸਨ ਅਤੇ ਬੀ.ਟੈਕ ਸੱਤਵਾਂ ਅਤੇ ਅੱਠਵਾਂ ਸਮੈਸਟਰ ਦੇ ਟ੍ਰੈਨਿੰਗ ਸਬੰਧੀ ਵੀ ਆਪਸਨ (Option) ਸੰਸਥਾਵਾ ਵਲੋਂ ਇਮਤਿਹਾਨ ਫਾਰਮ ਭਰਨ ਤੋਂ ਪਹਿਲਾਂ ਭਰੀ ਜਾਵੇਗੀ।
3. ਪਹਿਲਾਂ ਚੱਲ ਰਹੇ ਸਿਸਟਿਮ ਵਿਚ ਤਬਦੀਲੀ ਕਰਕੇ ਵਿਦਿਆਰਥੀਆਂ ਦੇ **ਰੈਗੂਲਰ ਸਮੈਸਟਰ ਦੇ ਇਮਤਿਹਾਨ ਫਾਰਮ** ਰੀਅਡਮੀਸਨ ਕਰਨ ਤੋਂ ਬਾਂਅਦ ਹੀ ਵਿਭਾਗੀ ਮੁੱਖੀਆ ਦੇ www.ptudocs.com ਵੈਬਸਾਈਟ ਤੇ ਉਪਲਬਦ ਲੋਗਿਨ ਰਾਂਹੀ ਹੀ ਭਰੇ ਜਾਣਗੇ।ਵਿਭਾਗੀ ਮੁੱਖੀਆ ਦੇ ਲੋਗਿਨ ਰਾਂਹੀ ਵਿਦਿਆਰਥੀਆਂ ਨੇ ਜਿਨ੍ਹਾਂ ਇਲੈਕਟਵ ਵਿਸ਼ਿਆ ਚੋਣ ਕਰਕੇ ਵਿਸ਼ੇ ਭਰ ਦਿਤੇ ਜਾਣਗੇ।ਇਮਤਿਹਾਨ ਫਾਰਮ ਭਰਨ ਉਪਰੰਤ ਵਿਦਿਆਰਥੀਆਂ ਦੇ ਇਮਤਿਹਾਨ ਫਾਰਮ ਪ੍ਰਿੰਟ ਕੀਤੇ ਜਾ ਸਕਣਗੇ।
4. ਮੌਜੂਦਾ ਸਿਸਟਿਮ ਵਿਚ ਤਬਦੀਲੀ ਕਰਕੇ ਰੈਗੂਲਰ ਤੌਰ ਤੇ ਪੜ੍ਹ ਰਹੇ ਵਿਦਿਆਰਥੀਆਂ ਦੇ **ਰੀਅਪੀਅਰ ਸਮੈਸਟਰ ਦੇ ਇਮਤਿਹਾਨ ਫਾਰਮ** ਵਿਭਾਗੀ ਮੁੱਖੀਆ / ਕਲਾਸ ਇਚਾਂਰਜਾਂ ਦੇ ਲੋਗਿਨ ਰਾਂਹੀ ਭਰੇ ਜਾਣਗੇ ।ਵਿਭਾਗੀ ਮੁੱਖੀਆ **ਰੀਅਪੀਅਰ ਸਮੈਸਟਰ ਦੇ ਇਮਤਿਹਾਨ ਫਾਰਮ** ਭਰਨ ਦੀ ਸੁਵਿਧਾਂ ਵਿਭਾਗ ਦੇ ਬਾਕੀ ਫਕੈਲਟੀ ਮੈਂਬਰਾਂ ਨੂੰ ਵੀ ਦੇ ਸਕਦਾ ਹੈ।**ਰੀਅਪੀਅਰ ਸਮੈਸਟਰ ਦੇ ਇਮਤਿਹਾਨ ਫਾਰਮ ਜਿਸ ਲੋਗਿਨ ਰਾਂਹੀ ਭਰਿਆ** ਹੈ , ਉਸ ਫਕੈਲਟੀ ਮੈਂਬਰ ਦਾ ਨਾਂ ਅਤੇ ਆਈ.ਡੀ ਇਮਤਿਹਾਨ ਫਾਰਮ ਤੇ ਪ੍ਰਿੰਟ ਕਰਵਾਈ ਜਾਵੇਗੀ ਤਾਂ ਕਿ ਭਰੇ ਗਏ ਇਮਤਿਹਾਨ ਫਾਰਮਾਂ ਦਾ ਹਿਸਾਬ ਰੱਖਿਆ ਜਾ ਸਕੇ।
5. ਵਿਭਾਗੀ ਮੁੱਖੀਆ / ਕਲਾਸ ਇਚਾਂਰਜਾਂ ਵਲੋਂ ਵਿਦਿਆਰਥੀਆਂ ਦੇ ਰੀਅਪੀਅਰ ਦੇ ਤੋਰ ਤੇ ਅਪੀਅਰ ਹੋਣ ਵਾਲੇ ਵਿਸ਼ੇ ਭਰਕੇ LOCK ਕਰ ਦਿਤੇ ਜਾਣਗੇ।ਵਿਸ਼ੇ LOCK ਕਰਨ ਉਪਰੰਤ ਵਿਦਿਆਰਥੀਆਂ ਦੇ ਇਮਤਿਹਾਨ ਫਾਰਮ ਪ੍ਰਿੰਟ ਕੀਤੇ ਜਾ ਸਕਣਗੇ।ਵਿਦਿਆਰਥੀਆ ਦੇ ਇਮਤਿਹਾਨ ਫਾਰਮ ਪ੍ਰਿੰਟ ਕਰਨ ਤੋਂ ਬਾਅਦ ਵਿਦਿਆਰਥੀਆਂ ਤੋ ਇਮਤਿਹਾਨ ਫੀਸ ਅਤੇ ਫਾਰਮ ਵੀ ਵਿਭਾਗੀ ਮੁੱਖੀਆ / ਕਲਾਸ ਇਚਾਂਰਜਾਂ ਵਲੋਂ ਹੀ ਲਏ ਜਾਣਗੇ।
6. ਇਸ ਵਾਰ ਇਮਤਿਹਾਨ ਫਾਰਮ ਅਤੇ ਐਡਮਿਟ ਕਾਰਡ ਇਕ ਹੀ ਹੋਵੇਗਾ ਜੋ ਕਿ ਰੈਗੂਲਰ ਅਤੇ ਰੀਅਪੀਅਰ ਪੇਪਰਾ ਲਈ ਵੱਖਰਾ ਹੋਵੇਗਾ ।ਸੰਸਥਾਵਾਂ ਵਲੋਂ ਇਮਤਿਹਾਨ ਫਾਰਮ / ਐਡਮਿਟ ਕਾਰਡ ਪ੍ਰਿੰਟ ਕਰਨ ਉਪਰੰਤ ਵਿਦਿਆਰਥੀਆਂ ਦੀ ਯੋਗਤਾ ਚੈਕ ਕਰਕੇ ਸੰਸਥਾਂ ਦੇ ਮੁਖੀ ਵੱਲੋਂ ਤਸਦੀਕ ਕੀਤੇ

ਜਾਣੇ ਜਰੂਰੀ ਹੋਣਗੇ ।ਅਯੋਗ ਵਿਦਿਆਰਥੀ ਨੂੰ ਐਡਮਿਟ ਕਾਰਡ ਜਾਰੀ ਹੋਣ ਤੇ ਸਾਰੀ ਜਿਮੇਂਵਾਰੀ ਵਿਭਾਗੀ ਮੁੱਖੀ / ਸੰਸਥਾਂ ਦੇ ਮੁਖੀ ਦੀ ਹੀ ਹੋਵੇਗੀ।

7. **ਜੋ ਵਿਦਿਆਰਥੀ ਪਾਸ-ਆਉਟ ਹੋ ਚੁੱਕੇ ਹਨ ਜਾਂ ਸਪੈਸ਼ਲ ਚਾਂਸ ( ਜਿਨ੍ਹਾਂ ਵਿਦਿਆਰਥੀਆਂ ਦੇ ਡਿਗਰੀ ਦਾ ਸਮਾਂ ਸੀਮਾਂ ਪੂਰੀ ਹੋ ਚੁੱਕੀ ਹੈ) ਦੇ ਵਿਦਿਆਰਥੀਆਂ ਦੇ ਇਮਤਿਹਾਨ ਫਾਰਮ ਵਿਦਿਆਰਥੀਆਂ ਦੇ www.ptuexam.com ਵੈਬਸਾਈਟ ਦੇ ਲੋਗਿਨ ਰਾਹੀ ਪਹਿਲਾਂ ਦੀ ਤਰਾਂ ਹੇਠ ਲਿਖੇ ਅਨੁਸਾਰ ਭਰਵਾਏ ਜਾਣਗੇ। ਜੇਕਰ ਕਿਸੇ ਵਿਦਿਆਰਥੀ ਦਾ ਪਾਸਵਰਡ ਭੁਲ ਗਿਆ ਹੋਵੇਗਾ ਤਾਂ ਪਾਸਵਰਡ ਦੇਖਣ ਦੀ ਸੁਵਿਧਾ ਸੰਸਥਾਵਾਂ ਦੇ ਲੋਗਿਨ ਵਿਚ ਦਿਤੀ ਜਾਵੇਗੀ।**

ੳ. ਵਿਦਿਆਰਥੀਆਂ ਵਲੋਂ ਪ੍ਰੀਖਿਆ ਫਾਰਮ ਦੇ ਸੈਕਸ਼ਨ ‘A’ ਵਿਚੋਂ ਜਿਹਨਾਂ ਵਿਸ਼ਿਆਂ ਦੇ ਇਮਤਿਹਾਨ ਵਿਚ ਅਪੀਅਰ ਹੋਣਾ ਹੈ, ਉਹ ਵਿਸ਼ੇ ਸਲੈਕਟ ਕਰਕੇ ਉਹਨਾ ਨੂੰ submit ਕਰਨਾ ਹੋਵੇਗਾ । submit ਕਰਨ ਉਪਰੰਤ ਵਿਦਿਆਰਥੀ ਨੇ ਜਿਹਨਾਂ ਵਿਸ਼ਿਆਂ ਨੂੰ ਸਲੈਕਟ ਕੀਤਾ ਹੋਵੇਗਾ, ਉਹ ਵਿਸ਼ੇ ਸੈਕਸ਼ਨ ‘B’ ਵਿਚ ਚਲੇ ਜਾਣਗੇ ।ਇਹਨਾਂ ਵਿਸ਼ਿਆਂ ਨੂੰ ਚੈਕ ਕਰਨ ਉਪਰੰਤ ਲੌਕ (Lock) ਕਰਨਾ ਹੋਵੇਗਾ।ਲੌਕ (Lock) ਕਰਨ ਉਪਰੰਤ ਵਿਦਿਆਰਥੀ ਆਪਣੇ ਪ੍ਰੀਖਿਆ ਫਾਰਮ ਨੂੰ ਪ੍ਰਿੰਟ ਕਰ ਸਕਦੇ ਹਨ।ਜੇਕਰ ਕਿਸੇ ਕਾਰਨ ਪ੍ਰੀਖਿਆ ਫਾਰਮ ਗਲਤ ਭਰਿਆ ਜਾਂਦਾ ਹਨ ਤਾਂ ਇਸਨੂੰ ਦੁਬਾਰਾ, ਕਾਲਜ ਕੋਲੋ ਅਨਲੌਕ (Unlock) ਕਰਵਾ ਕੇ ਭਰਿਆ ਜਾ ਸਕਦਾ ਹੈ।

ਅ. ਵਿਦਿਆਰਥੀ ਆਪਣੇ ਪ੍ਰੀਖਿਆ ਫਾਰਮ ਨੂੰ ਪ੍ਰਿੰਟ ਕਰਕੇ ਉਸ ਉਪਰ ਆਪਣੀ ਫੋਟੋ ਲਗਾਉਣ ਉਪਰੰਤ ਉਪਰ ਦਰਸਾਈਆਂ ਗਈਆਂ ਮਿਤੀਆਂ ਮੁਤਾਬਿਕ ਪ੍ਰੀਖਿਆ ਫਾਰਮ ਸੰਸਥਾਵਾਂ ਵਿੱਚ ਜਮਾਂ ਕਰਵਾਉਣਗੇ ।

ੲ. ਪ੍ਰੀਖਿਆ ਫਾਰਮ ਦੀ ਫੀਸ ਅਤੇ ਲੇਟ ਫੀਸ, ਵਿਦਿਆਰਥੀ ਵਲੋਂ ਪ੍ਰੀਖਿਆ ਫਾਰਮ, ਸੰਸਥਾ ਵਿਚ ਜਮਾਂ ਕੀਤੇ ਜਾਣ ਵਾਲੇ ਦਿਨ ਵਾਲੀ ਲੱਗੇਗੀ ।ਜੇਕਰ ਕਿਸੇ ਵਿਦਿਆਰਥੀ ਵਲੋਂ ਪ੍ਰੀਖਿਆ ਫਾਰਮ ਆਨਲਾਈਨ ਭਰ ਦਿਤਾ ਗਿਆ, ਪਰ ਪ੍ਰੀਖਿਆ ਫਾਰਮ ਅਤੇ ਫੀਸ ਸੰਸਥਾ ਵਿਚ ਜਮਾਂ ਨਹੀ ਕਰਵਾਏ ਗਏ ਤਾਂ ਇਹ ਸਮਝਿਆ ਜਾਵੇਗਾ ਕਿ ਵਿਦਿਆਰਥੀ ਨੇ ਪ੍ਰੀਖਿਆ ਫਾਰਮ ਨਹੀ ਭਰਿਆ ਅਤੇ ਇਸ ਹਾਲਤ ਵਿਚ ਵਿਦਿਆਰਥੀ ਨੂੰ ਇਮਤਿਹਾਨ ਵਿਚ ਨਹੀ ਬੈਠਣ ਦਿਤਾ ਜਾਵੇਗਾ ।

ਸ. ਸੰਸਥਾਵਾਂ ਦੇ ਲੋਗਿਨ ਵਿਚ ਵਿਦਿਆਰਥੀਆਂ ਵਲੋਂ ਫਾਰਮ ਅਤੇ ਫੀਸ ਜਮਾਂ ਕਰਵਾਉਣ ਦਾ ਵੇਰਵਾ ਅਪਡੇਟ ਕਰਨਾ ਜਰੂਰੀ ਹੋਵੇਗਾ ਅਤੇ ਇਸਦੀ ਸੁਵਿਧਾ ਸੰਸਥਾਵਾਂ ਦੇ ਲੋਗਿਨ ਵਿਚ ਦਿਤੀ ਜਾਵੇਗੀ । ਸੰਸਥਾਵਾਂ ਵਲੋਂ ਵਿਦਿਆਰਥੀਆਂ ਦੇ ਫਾਰਮ ਲੈਣ ਵੇਲੇ ਹੀ ਆਨਲਾਈਨ ਪ੍ਰੀਖਿਆ ਫਾਰਮ, ਵਿਦਿਆਰਥੀਆਂ ਦੀ ਇਮਤਿਹਾਨ ਫੀਸਅਤੇ ਲੇਟ ਫੀਸ ਦਾ ਵੇਰਵਾ ਦਰਜ ਕਰਨਾ ਹੋਵੇਗਾ।

ਹ. ਵਿਦਿਆਰਥੀ ਆਪਣੇ ਪ੍ਰੀਖਿਆ ਫਾਰਮ ਨੂੰ ਪ੍ਰਿੰਟ ਕਰਕੇ ਉਸ ਉਪਰ ਆਪਣੀ ਫੋਟੋ ਲਗਾਉਣ ਉਪਰੰਤ ਉਪਰ ਦਰਸਾਈਆਂ ਗਈਆਂ ਮਿਤੀਆਂ ਮੁਤਾਬਿਕ ਪ੍ਰੀਖਿਆ ਫਾਰਮ ਸੰਸਥਾਵਾਂ ਵਿੱਚ ਜਮਾਂ ਕਰਵਾਉਣਗੇ ।

ਕ. ਵਿਦਿਆਰਥੀਆਂ ਵਲੋਂ ਭਰੇ ਗਏ ਪ੍ਰੀਖਿਆ ਫਾਰਮ ਸੰਸਥਾਂ ਦੇ ਮੁਖੀ ਵੱਲੋਂ ਤਸਦੀਕ ਕੀਤੇ ਜਾਣੇ ਜਰੂਰੀ ਹੋਣਗੇ ।

8. ਸੰਸਥਾਵਾਂ ਵਲੋਂ ਵਿਦਿਆਰਥੀਆਂ ਦੀ ਇਮਤਿਹਾਨ ਫੀਸ ਬੈਂਕ ਵਿਚ ਜਮਾਂ ਕਰਵਾਉਣੀ ਹੋਵੇਗੀ । ਇਸ ਫੀਸ਼ ਨੂੰ ਜਮਾਂ ਕਰਾਉਣ ਦਾ ਵੋਚਰ ਆਨਲਾਈਨ ਤਿੰਨ ਪਰਤਾਂ ਵਿਚ ਪ੍ਰਿੰਟ ਕਰਵਾਇਆ ਜਾਵੇਗਾ ਜਿਸਦੀ ਪਹਿਲੀ ਕਾਪੀ ਸੰਸਥਾ, ਦੂਜੀ ਕਾਪੀ ਯੂਨੀਵਰਸਿਟੀ ਅਤੇ ਤੀਜੀ ਕਾਪੀ ਬੈਂਕ ਦੀ ਹੋਵੇਗੀ।ਵਿਦਿਆਰਥੀਆਂ ਦੀ ਇਮਤਿਹਾਨ ਫੀਸ ਅਤੇ ਲੇਟ ਫੀਸ ਦੀ calculation ਆਨਲਈਨ ਹੋਵੇਗੀ ।

9. ਯੂਨੀਵਰਸਿਟੀ ਕਾਪੀ, ਸਾਰੀ ਫੀਸ ਜਮਾਂ ਕਰਵਾਉਣ ਤੋ ਬਾਅਦ ਯੂਨੀਵਰਸਿਟੀ ਦੀ ਅਕਾਊਟ ਬਰਾਂਚ ਵਿਚ ਤੱਕ ਜਮਾਂ ਕਰਵਾਉਣੀ ਹੋਵੇਗੀ ਤਾਂ ਕਿ ਇਸਦੀ ਅਡਜਸਟਮੈਂਟ ਕੀਤੀ ਜਾ ਸਕੇ।

10. ਵਿਦਿਆਰਥੀਆਂ ਦੇ ਪ੍ਰੀਖਿਆ ਫਾਰਮ ਯੂਨੀਵਰਸਿਟੀ ਵਿਚ ਜਮਾਂ ਕਰਵਾਉਣ ਦੀ ਜਰੂਰਤ ਨਹੀ ਹੋਵੇਗੀ। ਪ੍ਰੀਖਿਆ ਫਾਰਮ ਲੈਣ ਉਪਰੰਤ ਵਿਦਿਆਰਥੀਆਂ ਦੀਆਂ ਪਰਸਨਲ ਫਾਈਲਾਂ ਵਿਚ ਲਗਾ ਦਿਤੇ ਜਾਣ। ਯੂਨੀਵਰਸਿਟੀ ਵਲੋਂ ਕਿਸੇ ਵਿਦਿਆਰਥੀ ਦਾ ਪ੍ਰੀਖਿਆ ਫਾਰਮ ਜਰੂਰਤ ਪੈਣ ਤੇ ਵਿਦਿਆਰਥੀ ਦੀ ਡਿਗਰੀ ਪਾਸ ਕਰਨ ਤੱਕ ਮੰਗਵਾਇਆ ਜਾ ਸਕੇਗਾ ।

11. ਜਿਹਨਾਂ ਵਿਦਿਆਰਥੀਆਂ ਦੀ ਇਨਟਰਨਲ ਪੇਪਰ ਵਿਚ ਰੀਅਪੀਅਰ ਹੈ ਉਹਨਾ ਵਿਦਿਆਰਥੀਆਂ ਨੂੰ ਵੀ ਪ੍ਰੀਖਿਆ ਫਾਰਮ ਭਰਨਾ ਜਰੂਰੀ ਹੋਵੇਗਾ ।

12. ਜੇਕਰ ਕਿਸੇ ਵਿਦਿਆਰਥੀ ਵਲੋਂ ਪ੍ਰੀਖਿਆ ਫਾਰਮ ਜਮਾਂ ਕਰਾਉਣ ਤੋਂ ਬਾਂਅਦ ਪ੍ਰੀਖਿਆ ਫਾਰਮ ਵਿਚ ਕੋਈ ਤਰੁੱਟੀ ਰਹਿ ਜਾਂਦੀ ਹੈ ਤਾਂ ਤਰੁੱਟੀਆਂ ਠੀਕ ਕਰਾਉਣ ਲਈ ਤਰੁੱਟੀ ਫੀਸ (550 ਰੁਪਏ ਪ੍ਰਤੀ ਸਮੈਸਟਰ 2009 ਬੈਚ ਤੱਕ ਅਤੇ 2010,2011 ਬੈਚ ਲਈ ਤਰੁੱਟੀ ਫੀਸ 700 ਰੁਪਏ ਪ੍ਰਤੀ ਸਮੈਸਟਰ) ਦੈਣੀ ਪਵੇਗੀ ।ਪ੍ਰੀਖਿਆ ਫਾਰਮ ਵਿਚ ਇਹ ਸੋਧ ਸੰਸਥਾ ਪੱਧਰ ਤੇ ਹੀ ਹੋ ਸਕੇਗੀ ।

13. ਸੰਸਥਾਂਵਾਂ ਵਲੋਂ ਵਿਦਿਆਰਥੀਆ ਦੇ admit card, ਸੰਸਥਾਂਵਾਂ ਦੇ ਲੋਗਿਨ ਰਾਹੀਂ ਪ੍ਰਿੰਟ ਕਰਕੇ ਜਾਰੀ ਕੀਤੇ ਜਾਣਗੇ ।

ਉਪਰੋਕਤ ਹਦਾਇਤਾਂ ਦੀ ਲਗਾਤਾਰਤਾ ਵਿੱਚ ਹੋਰ ਹਦਾਇਤਾਂ ਯੂਨੀਵਰਸਿਟੀ ਵਲੋਂ ਸਮੇ-ਸਮੇ ਤੇ ਇਨਟ੍ਰਾਨੇਟ ਸਿਸਟਮ ਰਾਹੀਂ ਹੀ ਦਿੱਤੀਆਂ ਜਾਣਗੀਆਂ।ਕਿਸੇ ਤਕਨੀਕੀ ਕਾਰਣ ਕਰਕੇ ਵੈਬਸਾਈਟ ਦੇ ਬੰਦ ਹੋ ਜਾਣ ਕਾਰਣ ਘੱਟੋ-ਘੱਟ 1 ਘੰਟਾ ਇੰਤਜਾਰ ਕੀਤੀ ਜਾਵੇ ।ਇਮਤਿਹਾਨ ਫਾਰਮ ਭਰਨ ਲਈ ਕਿਸੇ ਤਰਾਂ ਦਾ ਤਾਲਮੇਲ ਕਰਨ ਲਈ dcoeptu@gmail.com ਈ.ਮੇਲ ਦੀ ਵਰਤੋਂ ਕੀਤੀ ਜਾਵੇ।

ਡਿਪਟੀ ਕੰਟਰੋਲਰ (ਪ੍ਰੀਖਿਆਵਾਂ)